carucymru




# ਫਲਾਈ ਟਿਪਿੰਗ (ਗੈਰਕਾਨੂੰਨੀ ਢੰਗ ਨਾਲ ਸੁੱਟਿਆ ਕੂੜਾ)?

# ਮੇਰੀ ਗਲੀ ਵਿੱਚ ਨਹੀਂ

## ਕੂੜੇ ਸੰਬੰਧੀ ਜਾਣਕਾਰੀ ਪੈਕ।

ਅੰਦਰ ਘਰੇਲੂ ਕੂੜੇ ਅਤੇ ਵੱਡੀਆਂ ਫਾਲਤੂ ਵਸਤੂਆਂ ਦਾ ਸਹੀ ਢੰਗ ਨਾਲ ਨਿਪਟਾਰਾ ਕਰਨ ਬਾਰੇ ਮੁੱਖ ਸੁਝਾਅ ਹਨ।

cadwch keep gymru'n wales daclus tidy

FLY-TIPPING ACTION WALES

#FLYTIPPINGNOTUPMYSTREET

ਹਮੇਸ਼ਾ ਜਾਂਚ ਕਰੋ ਕਿ ਉਹ ਨੈਚੁਰਲ ਰਿਸੋਰਸਿਜ਼ ਵੇਲਜ਼ ਦੇ ਵੱਲੋਂ ਲਾਇਸੰਸਸ਼ੁਦਾ ਕੂੜਾ ਚੁੱਕਣ ਵਾਲੇ ਹਨ।

Llywodraeth Cymru Welsh Government

# ਸਮੱਸਿਆ...

ਜਦੋਂ ਰੀਸਾਈਕਲਿੰਗ ਦੀ ਗੱਲ ਆਉਂਦੀ ਹੈ ਤਾਂ ਵੇਲਜ਼ ਲੰਬੇ ਸਮੇਂ ਤੋਂ ਯੂਕੇ ਵਿੱਚ ਸਭ ਤੋਂ ਉੱਪਰ ਰਿਹਾ ਹੈ ਅਤੇ ਦੁਨੀਆ ਵਿੱਚ ਤੀਜੇ ਸਥਾਨ 'ਤੇ ਹੈ।[1]

ਇਸ ਦੇ ਬਾਵਜੂਦ, ਗੈਰਕਾਨੂੰਨੀ ਢੰਗ ਨਾਲ ਕੂੜਾ ਸੁੱਟਣਾ ਹਾਲੇ ਵੀ ਵਾਪਰਦਾ ਹੈ ਅਤੇ ਨਾ ਸਿਰਫ ਦੇਖਣ ਵਿੱਚ ਮਾੜਾ ਲੱਗਦਾ ਹੈ ਬਲਕਿ ਵਾਤਾਵਰਣ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।

2021/22 ਦੇ ਅੰਕੜਿਆਂ ਦੇ ਅਨੁਸਾਰ, ਵੇਲਜ਼ ਵਿੱਚ ਪਿਛਲੇ ਸਾਲ 41,000 ਤੋਂ ਵੱਧ ਕੇਸ ਦਰਜ ਕੀਤੇ ਗਏ ਸਨ।[2] ਯੂਕੇ ਵਿੱਚ ਔਸਤਨ ਹਰ 12 ਸਕਿੰਟਾਂ ਵਿੱਚ ਕਿਤੇ ਨਾ ਕਿਤੇ ਗੈਰਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਦੀ ਘਟਨਾ ਵਾਪਰਨ ਦੇ ਨਾਲ ਗੈਰਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਦਾ ਖਰਚਾ ਪ੍ਰਤੀ ਮਿੰਟ £72 ਹੈ।[3]

2020/21 ਦੇ ਅੰਕੜਿਆਂ ਦੇ ਅਨੁਸਾਰ, ਕੂੜੇ ਦੀਆਂ ਸਿਖਰਲੀਆਂ 3 ਕਿਸਮਾਂ ਸਨ: 'ਹੋਰ' ਘਰੇਲੂ (18,514), ਘਰੇਲੂ ਕਾਲੇ ਬੈਗ (11,459) ਅਤੇ ਵੱਡੇ ਬਿਜਲੀ ਦੇ ਘਰੇਲੂ ਉਪਕਰਨ (2,236)। ਜ਼ਿਆਦਾਤਰ ਉਦਾਹਰਨਾਂ ਇੱਕ ਛੋਟੀ ਵੈਨ ਜਾਂ ਕਾਰ ਦੀ ਡਿੱਕੀ ਜਿੰਨੇ ਲੋਡ ਜਾਂ ਘੱਟ ਆਕਾਰ ਦੀਆਂ ਸਨ।[4]

ਹਾਲਾਂਕਿ, ਸਾਡੀ ਖੋਜ ਨੇ ਪਾਇਆ ਹੈ ਕਿ ਜਦੋਂ ਤੁਹਾਡੇ ਕੂੜੇ ਦੇ ਨਿਪਟਾਰੇ ਦੀ ਗੱਲ ਆਉਂਦੀ ਹੈ ਤਾਂ ਸਹੀ ਕੰਮ ਕਰਨਾ ਹਮੇਸ਼ਾ ਆਸਾਨ ਨਹੀਂ ਹੁੰਦਾ ਅਤੇ ਰਸਤੇ ਵਿੱਚ ਕਈ ਰੁਕਾਵਟਾਂ ਹੋ ਸਕਦੀਆਂ ਹਨ।

ਇਸ ਪੈਕ ਨੂੰ ਤੁਹਾਡੇ ਕੂੜੇ ਤੋਂ ਸਹੀ ਢੰਗ ਨਾਲ ਛੁਟਕਾਰਾ ਪਾਉਣ ਜਾਂ ਇਸ ਤੋਂ ਵੀ ਵਧੀਆ - ਇਸ ਨੂੰ ਪੂਰੀ ਤਰ੍ਹਾਂ ਨਾਲ ਰੋਕਣ - ਵਿੱਚ ਤੁਹਾਡੀ ਮਦਦ ਕਰਨ ਲਈ ਇੱਕ ਸਾਧਨ ਵਜੋਂ ਵਰਤਿਆ ਜਾ ਸਕਦਾ ਹੈ!

**41,000+**

**ਪਿਛਲੇ ਸਾਲ ਵੇਲਜ਼ ਵਿੱਚ ਗੈਰਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਦੇ ਮਾਮਲੇ**

**ਗੈਰਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਦਾ ਪਬਲਿਕ ਲਈ ਖਰਚਾ**

**£72/ਮਿੰਟ**

# ਕੀ ਤੁਹਾਨੂੰ ਪਤਾ ਸੀ?

**ਜਨਤਕ ਕੂੜੇਦਾਨਾਂ ਦੇ ਨਾਲ ਆਈਟਮਾਂ ਛੱਡਣ ਨੂੰ ਗੈਰਕਾਨੂੰਨੀ ਢੰਗ ਨਾਲ ਸੁੱਟਿਆ ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ ਅਤੇ ਇਹ ਚੀਜ਼ਾਂ ਚੁੱਕੀਆਂ ਨਹੀਂ ਜਾ ਸਕਦੀਆਂ ਹਨ। ਤੁਹਾਨੂੰ ਜੁਰਮਾਨਾ ਵੀ ਲੱਗ ਸਕਦਾ ਹੈ।**

**ਯੂਕੇ ਵਿੱਚ ਸਥਾਨਕ ਅਧਿਕਾਰੀ ਗੈਰਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਲਈ £150 ਅਤੇ £400 ਦੇ ਵਿਚਕਾਰ ਨਿਸ਼ਚਿਤ ਜੁਰਮਾਨਾ ਜਾਰੀ ਕਰ ਸਕਦੇ ਹਨ।**

1. https://gov.wales/new-stats-show-wales-upholds-world-class-recycling-rates-despite-pandemic
2. https://statswales.gov.wales/Catalogue/Environment-and-Countryside/Fly-tipping/recordedflytippingincidents-by-wastetype
3. ਗੈਰਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਬਾਰੇ ਤੱਥ ਅਤੇ ਅੰਕੜੇ (nationwidehouseclearance.co.uk)
4. https://statswales.gov.wales/Catalogue/Environment-and-Countryside/Fly-tipping/recordedflytippingincidents-by-wastetype

# ਭੁਲੇਖੇ ਤੋੜਨੇ

- ਗੈਰ-ਕਾਨੂੰਨੀ ਵਪਾਰੀ ਕੂੜੇ ਤੋਂ ਛੁਟਕਾਰਾ ਪਾਉਣ ਦਾ ਇੱਕ ਸਸਤਾ ਅਤੇ ਆਸਾਨ ਤਰੀਕਾ ਜਾਪ ਸਕਦੇ ਹਨ, ਹਾਲਾਂਕਿ ਜੇਕਰ ਇਹ ਕੂੜਾ ਗੈਰਕਾਨੂੰਨੀ ਢੰਗ ਨਾਲ ਸੁੱਟਿਆ ਜਾਂਦਾ ਹੈ, ਤਾਂ ਇਹ ਤੁਸੀਂ ਵੀ ਸਾਂਝੇ ਤੌਰ 'ਤੇ ਜ਼ਿੰਮੇਵਾਰ ਮੰਨੇ ਜਾਂਦੇ ਹੋ ਅਤੇ ਤੁਹਾਡੇ 'ਤੇ ਜੁਰਮਾਨਾ ਹੋ ਸਕਦਾ ਹੈ।
- ਇਹ ਜਾਂਚ ਕਰਨਾ ਕਿਰਾਏਦਾਰ ਦੀ ਜ਼ਿੰਮੇਵਾਰੀ ਹੈ ਕਿ ਕੂੜਾ ਚੁੱਕਣ ਵਾਲਾ ਸਹੀ ਢੰਗ ਨਾਲ ਲਾਇਸੰਸਸ਼ੁਦਾ ਹੈ। ਤੁਸੀਂ naturalresources.wales/permits-and-permissions/scrap-metal-dealers-public-register ਦੇ ਰਾਹੀਂ ਇਹ ਜਾਂਚ ਕਰ ਸਕਦੇ ਹੋ ਕਿ ਕੂੜਾ ਚੁੱਕਣ ਵਾਲਾ ਲਾਇਸੰਸਸ਼ੁਦਾ ਹੈ ਜਾਂ ਨਹੀਂ
- ਜਨਤਕ ਕੂੜੇਦਾਨ ਤੁਹਾਡੇ ਵਾਧੂ ਕੂੜੇ ਦੇ ਨਿਪਟਾਰੇ ਦਾ ਜਵਾਬ ਨਹੀਂ ਹਨ। ਜਨਤਕ ਕੂੜੇਦਾਨਾਂ ਦੇ ਨਾਲ ਆਈਟਮਾਂ ਛੱਡਣ ਨੂੰ ਗੈਰਕਾਨੂੰਨੀ ਢੰਗ ਨਾਲ ਸੁੱਟਿਆ ਵਜੋਂ ਸ਼੍ਰੇਣੀਬੱਧ ਕੀਤਾ ਜਾਂਦਾ ਹੈ ਅਤੇ ਇਹ ਚੀਜ਼ਾਂ ਚੁੱਕੀਆਂ ਨਹੀਂ ਜਾ ਸਕਦੀਆਂ ਹਨ - ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਤੁਸੀਂ ਲੋੜ ਤੋਂ ਵੱਧ ਭਰੇ ਹੋਏ ਕੂੜੇਦਾਨਾਂ ਦੀ ਆਪਣੀ ਸਥਾਨਕ ਕਾਉਂਸਿਲ ਨੂੰ ਰਿਪੋਰਟ ਕਰ ਸਕਦੇ ਹੋ: gov.uk/find-local-council
- ਯੂਕੇ ਵਿੱਚ ਹਰ ਸਾਲ ਫਰਨੀਚਰ ਦੀਆਂ 22 ਮਿਲੀਅਨ ਆਈਟਮਾਂ ਸੁੱਟੀਆਂ ਜਾਂਦੀਆਂ ਹਨ ਅਤੇ 10 ਵਿੱਚੋਂ 1 ਤੋਂ ਘੱਟ ਲੋਕ ਮੁਰੰਮਤ ਕਰਨ ਲਈ ਕਦਮ ਚੁੱਕਦੇ ਹਨ। ਸਥਾਨਕ ਮੁਰੰਮਤ ਕੈਫੇ ਉਹ ਸਥਾਨ ਹਨ ਜਿੱਥੇ ਤੁਹਾਨੂੰ ਚੀਜ਼ਾਂ ਦੀ ਮੁਰੰਮਤ ਕਰਨ ਵਿੱਚ ਮਦਦ ਲਈ ਸਾਧਨ ਅਤੇ ਗਿਆਨ ਦੋਵੇਂ ਮੁਹੱਈਆ ਕੀਤੇ ਜਾਂਦੇ ਹਨ। ਆਪਣਾ ਸਥਾਨਕ ਮੁਰੰਮਤ ਕੈਫੇ ਇੱਥੇ ਲੱਭੋ: repaircafewales.org/venues

# ਮਦਦ ਅਤੇ ਸਰੋਤ

- ਆਪਣਾ ਕੂੜਾ ਚੁੱਕੇ ਜਾਣ ਦਾ ਦਿਨ ਇੱਥੇ ਲੱਭੋ: gov.uk/rubbish-collection-day
- ਆਪਣਾ ਨਜ਼ਦੀਕੀ ਰੀਸਾਈਕਲਿੰਗ ਸੈਂਟਰ ਇੱਥੇ ਲੱਭੋ:: walesrecycles.org.uk/recycling-locator
- ਆਪਣਾ ਸਥਾਨਕ ਮੁਰੰਮਤ ਕੈਫੇ ਇੱਥੇ ਲੱਭੋ: repaircafewales.org/venues
- ਭਾਰੀ ਵਸਤੂਆਂ ਦਾ ਨਿਪਟਾਰਾ ਕਰਨ ਦਾ ਤਰੀਕਾ ਇੱਥੇ ਪਤਾ ਕਰੋ: gov.uk/collection-large-waste-items
- ਰੀਸਾਈਕਲਿੰਗ ਲਈ ਹੋਰ ਉਪਯੋਗੀ ਸੁਝਾਅ ਇੱਥੇ ਹਨ: recyclenow.com
- ਨੇੜਲੀਆਂ ਚੈਰਿਟੀ ਦੁਕਾਨਾਂ ਇੱਥੇ ਮਿਲ ਸਕਦੀਆਂ ਹਨ: charityretail.org.uk/find-a-charity-shop

ਮੈਨੂੰ ਕੱਟੋ ਅਤੇ ਮੈਨੂੰ ਆਪਣੇ ਫਰਿੱਜ 'ਤੇ ਚਿਪਕਾਓ

# ਸਾਡੇ ਕੂੜੇਦਾਨ ਵਾਲੇ ਦਿਨ ਇਹ ਹਨ:

| ਘਰੇਲੂ ਕੂੜਾ | ਰੀਸਾਈਕਲਿੰਗ | ਬਗੀਚੇ ਦੀ ਰਹਿੰਦ-ਖੂੰਹਦ |
|---|---|---|
| | | |

| ਸਾਡਾ ਸਥਾਨਕ ਰੀਸਾਈਕਲਿੰਗ ਸੈਂਟਰ ਇਹ ਹੈ: | ਸਾਡਾ ਸਭ ਤੋਂ ਨੇੜਲਾ ਮੁਰੰਮਤ ਕੈਫੇ ਇਹ ਹੈ: |
|---|---|
| | |

# ਹਰ ਚੀਜ਼ ਨੂੰ ਸੁੱਟਣ ਦੀ ਲੋੜ ਨਹੀਂ ਹੁੰਦੀ

ਯੂਕੇ ਵਿੱਚ ਹਰ ਸਾਲ ਫਰਨੀਚਰ ਦੀਆਂ 22 ਮਿਲੀਅਨ ਆਈਟਮਾਂ ਸੁੱਟੀਆਂ ਜਾਂਦੀਆਂ ਹਨ ਅਤੇ 10 ਵਿੱਚੋਂ 1 ਤੋਂ ਘੱਟ ਲੋਕ ਮੁਰੰਮਤ ਕਰਨ ਲਈ ਕਦਮ ਚੁੱਕਦੇ ਹਨ।[5]

ਫਰਨੀਚਰ ਅਤੇ ਵੱਡੇ ਬਿਜਲੀ ਦੇ ਘਰੇਲੂ ਉਪਕਰਨਾਂ ਦੀ ਕੀਮਤ ਨਵੇਂ ਘਰ ਵਿੱਚ ਜਾਣ ਵੇਲੇ ਕਰਜ਼ੇ ਹੇਠਾਂ ਦੱਬੇ ਜਾਣ ਦਾ ਸਭ ਤੋਂ ਵੱਡਾ ਕਾਰਨ ਹੈ।

ਕਿਉਂ ਨਾ ਆਪਣੀਆਂ ਅਜਿਹੀਆਂ ਛੋਟੀਆਂ ਘਰੇਲੂ ਵਸਤੂਆਂ ਜਿਨ੍ਹਾਂ ਦੀ ਸਥਾਨਕ ਮੁਰੰਮਤ ਵਾਲੇ ਕੈਫੇ ਵਿੱਚ ਮੁਰੰਮਤ ਕੀਤੀ ਜਾ ਸਕਦੀ ਹੈ, ਨੂੰ ਲਿਜਾ ਕੇ ਕੁਝ ਪੈਸੇ ਦੀ ਬਚਤ ਅਤੇ ਵਾਤਾਵਰਣ ਦੀ ਰੱਖਿਆ ਕੀਤੀ ਜਾਵੇ?

ਆਪਣਾ ਸਥਾਨਕ ਮੁਰੰਮਤ ਕੈਫੇ ਇੱਥੇ ਲੱਭੋ: **repaircafewales.org/venues/**

ਉਸ ਘਸ ਗਏ ਸੋਫੇ ਜਾਂ ਅਚਾਨਕ ਕੰਮ ਕਰਨਾ ਬੰਦ ਕਰ ਦਿੱਤੇ ਮਾਈਕ੍ਰੋਵੇਵ ਦੀ ਮੁਰੰਮਤ ਕਰਨ ਦੀ ਕੋਸ਼ਿਸ਼ ਕਰਨ ਨਾਲ, ਤੁਸੀਂ ਨਾ ਸਿਰਫ ਸੈਂਕੜੇ ਪੌਂਡ ਦੀ ਬਚਤ ਕਰ ਰਹੇ ਹੋ, ਸਗੋਂ ਤੁਹਾਡੇ ਦੁਆਰਾ ਪੈਦਾ ਕੀਤੇ ਕੂੜੇ ਦੀ ਮਾਤਰਾ ਨੂੰ ਵੀ ਘਟਾ ਰਹੇ ਹੋ।

ਤੁਸੀਂ ਕੁਝ ਟੁੱਟੀਆਂ ਚੀਜ਼ਾਂ ਨੂੰ Facebook Marketplace, Gumtree, Vinted, eBay, Freecycle ਅਤੇ ਹੋਰ ਬਹੁਤ ਸਾਰੀਆਂ ਸਾਈਟਾਂ 'ਤੇ ਵੇਚ ਵੀ ਸਕਦੇ ਹੋ।

ਤੁਹਾਨੂੰ ਹਮੇਸ਼ਾ ਉਹ ਚੀਜ਼ਾਂ ਖਰੀਦਣ ਦੀ ਲੋੜ ਨਹੀਂ ਹੁੰਦੀ ਜੋ ਤੁਸੀਂ ਨਿਯਮਿਤ ਤੌਰ 'ਤੇ ਨਹੀਂ ਵਰਤਦੇ ਹੋ – ਤੁਸੀਂ ਦੂਜਿਆਂ ਤੋਂ ਉਧਾਰ ਲੈ ਸਕਦੇ ਹੋ - ਚੀਜ਼ਾਂ ਦੀ ਲਾਇਬ੍ਰੇਰੀ ਜਾਂ Benthyg Cymru ਦੇਖੋ - **benthyg-cymru.org**

ਤੁਸੀਂ ਕਿਸੇ ਆਈਟਮ ਨੂੰ ਇੱਕ ਵਾਰ ਦੇ ਤੌਰ 'ਤੇ ਕਿਰਾਏ 'ਤੇ ਵੀ ਲੈ ਸਕਦੇ ਹੋ ਅਤੇ £££ ਬਚਾ ਸਕਦੇ ਹੋ - ਜਾਂ ਇੱਥੋਂ ਤੱਕ ਕਿ Fat Llama - **fatllama.com ਵਰਗੇ ਔਨਲਾਈਨ ਪਲੇਟਫਾਰਮਾਂ ਰਾਹੀਂ ਆਪਣੀਆਂ ਖੁਦ ਦੀਆਂ ਚੀਜ਼ਾਂ ਕਿਰਾਏ 'ਤੇ ਦੇ ਸਕਦੇ ਹੋ**

5. Nicholson, K, 10 ਅਕਤੂਬਰ 2018, Resource.co, ਯੂਕੇ ਵਿੱਚ ਹਰ ਸਾਲ 22 ਮਿਲੀਅਨ ਫਰਨੀਚਰ ਦੀਆਂ ਆਈਟਮਾਂ ਸੁੱਟੀਆਂ ਜਾਂਦੀਆਂ ਹਨ, ਉਪਲਬਧ: https://resource.co/article/22m-pieces-furniture-thrown-out-every-year-uk-12892

## ਮਦਦ ਕਰਨ ਲਈ ਤੁਸੀਂ ਹੋਰ ਕੀ ਕਰ ਸਕਦੇ ਹੋ?

- ਆਪਣੀ ਖਪਤ ਨੂੰ ਘਟਾਓ – ਹੌਲੀ ਫੈਸ਼ਨ (slow fashion) ਨਾ ਕਿ ਤੇਜ਼ ਫੈਸ਼ਨ (fast fashion)! ਚੈਰਿਟੀ ਦੁਕਾਨਾਂ ਨਵੇਂ ਦੀ ਤੁਲਨਾ ਵਿੱਚ ਬਹੁਤ ਹੀ ਘੱਟ ਕੀਮਤ 'ਤੇ ਕੱਪੜੇ ਲੱਭਣ ਦਾ ਵਧੀਆ ਤਰੀਕਾ ਹੋ ਸਕਦੀਆਂ ਹਨ।
- ਇੱਕ ਟੇਕਅਵੇ ਕੌਫੀ ਕੱਪ ਰੱਖੋ ਜਿਸਨੂੰ ਤੁਸੀਂ ਇੱਕ ਵਾਰ ਦੀ ਵਰਤੋਂ ਵਾਲੇ ਕੂੜੇ ਨੂੰ ਘਟਾਉਣ ਲਈ ਦੁਬਾਰਾ ਵਰਤ ਸਕਦੇ ਹੋ। ਬਹੁਤ ਸਾਰੇ ਕੈਫੇ ਹੁਣ ਮੁੜ ਵਰਤੋਂ ਯੋਗ ਕੱਪਾਂ ਨੂੰ ਵਰਤਣ ਵਾਸਤੇ ਛੋਟ ਵੀ ਪੇਸ਼ ਕਰਦੇ ਹਨ।
- ਯਕੀਨੀ ਬਣਾਓ ਕਿ ਤੁਹਾਡੇ ਕੋਲ ਜਿੰਨਾ ਹੋ ਸਕੇ ਵੱਧ ਤੋਂ ਵੱਧ ਕੂੜੇ ਨੂੰ ਰੀਸਾਈਕਲ ਕਰਨ ਲਈ ਸਹੀ ਕੂੜੇਦਾਨ ਅਤੇ ਬੈਗ ਹਨ – ਇਸ ਨਾਲ ਬਹੁਤ ਸਾਰੇ ਕਾਲੇ ਬੈਗਾਂ ਨੂੰ ਬਾਹਰ ਨਾ ਰੱਖਣ ਵਿੱਚ ਮਦਦ ਮਿਲੇਗੀ।
- ਜਨਤਕ ਤੌਰ 'ਤੇ ਗੈਰਕਾਨੂੰਨੀ ਢੰਗ ਨਾਲ ਕੂੜਾ ਸੁੱਟਣ ਦੀ ਕਿਸੇ ਵੀ ਘਟਨਾ ਦੀ flytippingactionwales.org/en/report-incident ਰਾਹੀਂ ਰਿਪੋਰਟ ਕਰਕੇ ਆਪਣੇ ਸਥਾਨਕ ਭਾਈਚਾਰੇ ਵਿੱਚ ਮਾਣ ਮਹਿਸੂਸ ਕਰੋ

